# ਪਿੱਠਭੂਮੀ 1

ਤੁਰੰਤ ਜਾਰੀ ਕਰਨ ਲਈ
28 ਫ਼ਰਵਰੀ, 2023

ਵਿੱਤ ਮੰਤਰਾਲਾ

**ਚੁਣੌਤੀਆਂ ਦੇ ਇਸ ਸਮੇਂ ਵਿੱਚ ਲੋਕਾਂ ਦੀ ਮਦਦ ਕਰਨਾ**

ਵਿਸ਼ਵ ਭਰ ਵਿੱਚ ਵਧ ਰਹੀ ਮਹਿੰਗਾਈ ਨੇ ਲੋਕਾਂ ਲਈ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਬੱਜਟ 2023 ਹਰ ਕਿਸੇ ਲਈ ਇੱਕ ਮਜ਼ਬੂਤ, ਅਤੇ ਵਧੇਰੇ ਸੁਰੱਖਿਅਤ ਭਵਿੱਖ ਬਣਾਉਣ ਲਈ, ਲੋਕਾਂ ਨੂੰ ਉਹਨਾਂ ਦੇ ਖਰਚਿਆਂ ਅਤੇ ਨਵੇਂ ਨਿਵੇਸ਼ਾਂ ਵਿੱਚ ਮਦਦ ਕਰਨ ਲਈ ਨਵੇਂ ਅਤੇ ਵਿਸਤ੍ਰਿਤ ਉਪਾਵਾਂ ਦੀ ਸ਼ੁਰੂਆਤ ਕਰਦਾ ਹੈ।

**ਲੋਕਾਂ ਦੀਆਂ ਜੇਬਾਂ ਵਿੱਚ ਪੈਸਾ ਵਾਪਸ ਪਾਉਣਾ**

ਵਿਸ਼ਵ ਭਰ ਵਿੱਚ ਵਧ ਰਹੇ ਰਹਿਣ-ਸਹਿਣ ਦੇ ਖਰਚਿਆਂ ਨੇ ਘਰੇਲੂ ਬੱਜਟ ਨੂੰ ਨਿਚੋੜ ਦਿੱਤਾ ਹੈ। ਸੂਬੇ ਨੇ ਇਸ ਦੀ ਪ੍ਰਤਿਕਿਰਿਆ ਵਿੱਚ, ਪਿਛਲੀਆਂ ਗਰਮੀਆਂ ਤੋਂ ਹੁਣ ਤੱਕ ਲਗਭਗ $2.4 ਬਿਲੀਅਨ ਦੀ ਸਹਾਇਤਾ ਪਹਿਲਾਂ ਹੀ ਉਪਲਬਧ ਕਰਾ ਦਿੱਤੀ ਹੈ।

- ਅਕਤੂਬਰ, ਜਨਵਰੀ ਅਤੇ ਅਪ੍ਰੈਲ ਵਿੱਚ ਤਿੰਨ ਬੀ ਸੀ ਅਫੋਰਡੇਬਿਲਿਟੀ ਕ੍ਰੈਡਿਟ;
- ਜਨਵਰੀ, ਫਰਵਰੀ ਅਤੇ ਮਾਰਚ ਲਈ ਬੀ ਸੀ ਫੈਮਿਲੀ ਬੈਨੀਫਿਟ ਦੀਆਂ ਵਧੇਰੇ ਰਾਸ਼ੀਆਂ;
- ਲੋਕਾਂ ਦੇ ਬਿਜਲੀ ਬਿੱਲਾਂ ਲਈ ਇੱਕ $100 ਦਾ ਕ੍ਰੈਡਿਟ;
- ਡਰਾਈਵਰਾਂ ਲਈ ICBC ਛੋਟਾਂ; ਅਤੇ
- ਬੈਕ-ਟੂ-ਸਕੂਲ ਦੇ ਖਰਚਿਆਂ ਲਈ ਮਾਪਿਆਂ ਅਤੇ ਬੱਚਿਆਂ ਦੀ ਮਦਦ ਕਰਨ ਲਈ 'ਸਟੂਡੈਂਟ ਐਂਡ ਫੈਮਿਲੀ ਅਫੋਰਡੇਬਿਲਿਟੀ ਫੰਡ' ਵਿੱਚ ਵਾਧਾ।

ਇਹ ਇੱਕ-ਵਾਰ ਦਿੱਤੀਆਂ ਜਾਣ ਵਾਲੀਆਂ ਸਹਾਇਤਾਵਾਂ ਪਿਛਲੇ ਕਈ ਸਾਲਾਂ ਦੇ ਨਿਵੇਸ਼ਾਂ ਨੂੰ ਅੱਗੇ ਵਧਾਉਂਦੀਆਂ ਹਨ, ਜੋ ਬਾਲ-ਸੰਭਾਲ (ਚਾਈਲਡ ਕੇਅਰ) ਦੇ ਖਰਚਿਆਂ ਨੂੰ ਘਟਾਉਣ ਅਤੇ ਅਜੇਹੀ ਨਵੀਂ ਕਿਫ਼ਾਇਤੀ, ਵਧੀਆ ਪੱਧਰ ਦੀ, ਸੰਮਿਲਤ ਚਾਈਲਡ ਕੇਅਰ ਬਣਾਉਣ ਵਿੱਚ ਮਦਦ ਕਰਨਗੇ, ਜਿਨ੍ਹਾਂ 'ਤੇ ਪਰਿਵਾਰ ਨਿਰਭਰ ਕਰ ਸਕਦੇ ਹਨ। ਬੀ.ਸੀ. ਦੇ ਹਜ਼ਾਰਾਂ ਪਰਿਵਾਰ ਘੱਟ ਫੀਸਾਂ ਵਾਲੇ ਚਾਈਲਡ ਕੇਅਰ ਦਾ 'ਅਫੋਰਡੇਬਲ ਚਾਈਲਡ ਕੇਅਰ ਬੈਨੀਫਿਟ', $10 ਪ੍ਰਤੀ ਦਿਨ ਦਾ 'ਚਾਈਲਡ ਕੇਅਰ ਬੀ ਸੀ ਪ੍ਰੋਗਰਾਮ' ਅਤੇ 'ਚਾਈਲਡ ਕੇਅਰ ਫੀਸ ਰਿਡਕਸ਼ਨ ਇਨੀਸ਼ੀਏਟਿਵ' ਦੁਆਰਾ ਲਾਭ ਲੈ ਰਹੇ ਹਨ, ਜੋ ਪ੍ਰਤੀ ਮਹੀਨਾ, ਪ੍ਰਤੀ ਬੱਚਾ $900 ਤੱਕ ਦੀ ਬੱਚਤ ਨਾਲ ਪਰਿਵਾਰਾਂ ਨੂੰ ਫਾਇਦਾ ਦਵਾਉਂਦਾ ਹੈ।

ਬੱਜਟ 2023 ਇਹਨਾਂ ਨਿਵੇਸ਼ਾਂ ਨੂੰ ਅੱਗੇ ਵਧਾਉਂਦਾ ਹੈ, ਜਿਸ ਰਾਹੀਂ $4.5 ਬਿਲੀਅਨ ਦੇ ਹੋਰ ਫੰਡ ਦੀ ਮਦਦ ਨਾਲ ਅਗਲੇ ਤਿੰਨ ਸਾਲਾਂ ਵਿੱਚ ਨਵੀਆਂ ਲਾਗਤਾਂ ਅਤੇ ਨਵੇਂ ਕ੍ਰੈਡਿਟਾਂ ਰਾਹੀਂ ਲੋਕਾਂ ਦੇ ਵਧ ਰਹੇ ਖਰਚਿਆਂ ਨੂੰ ਕੁੱਝ ਰਾਹਤ ਮਿਲ ਸਕਦੀ ਹੈ ਅਤੇ ਉਹਨਾਂ ਲਈ ਇੱਕ ਸਥਿਰ, ਅਤੇ ਟਿਕਾਊ ਸਹਾਇਤਾ ਉਪਲਬਧ ਕਰਾਈ ਜਾ ਸਕਦੀ ਹੈ।

- ਬੱਜਟ 2023, ਮੌਜੂਦਾ ਸਕੂਲ ਫੂਡ ਪ੍ਰੋਗਰਾਮਾਂ ਦਾ ਵਿਸਤਾਰ ਕਰਨ ਅਤੇ ਸਾਰੇ ਡਿਸਟ੍ਰਿਕਟਾਂ ਵਿੱਚ ਵਿਦਿਆਰਥੀਆਂ ਦੀ ਭੁੱਖ ਦੇ ਮਸਲੇ ਨੂੰ ਹੱਲ ਕਰਨ ਦੀ ਸਮਰੱਥਾ ਵਧਾਉਣ ਲਈ $214 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ। ਇਹ ਪ੍ਰੋਗਰਾਮ, ਫੀਡ ਬੀ ਸੀ (Feed BC) ਦੇ ਨਾਲ ਭਾਈਵਾਲੀ ਵਿੱਚ, ਸਕੂਲੀ ਉਮਰ ਦੇ ਬੱਚਿਆਂ ਨੂੰ ਯਕੀਨੀ ਤੌਰ 'ਤੇ ਪੌਸ਼ਟਿਕ ਭੋਜਨ ਮੁਹਈਆ ਕਰਾਉਣ ਵਿੱਚ ਮਦਦ ਕਰੇਗਾ, ਤਾਂ ਜੋ ਬੱਚੇ ਪੌਸ਼ਟਿਕ, ਅਤੇ ਸਥਾਨਕ ਭੋਜਨ ਖਾ ਸਕਣ ਅਤੇ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰ ਸਕਣ।

- 1 ਅਪ੍ਰੈਲ, 2023 ਤੋਂ ਬੀ.ਸੀ., ਕੈਨੇਡਾ ਵਿੱਚ ਅਜੇਹਾ ਪਹਿਲਾ ਅਧਿਕਾਰ ਖੇਤਰ ਹੋਵੇਗਾ ਜੋ ਆਪਣੇ ਸਾਰੇ ਵਸਨੀਕਾਂ ਲਈ ਪ੍ਰਿਸਕ੍ਰਿਪਸ਼ਨ ਨਾਲ ਮਿਲਣ ਵਾਲੀ ਗਰਭ-ਨਿਰੋਧਕ ਦਵਾਈ ਮੁਫ਼ਤ ਪ੍ਰਦਾਨ ਕਰੇਗਾ।

- ਬੱਜਟ 2023 ਲੋਕਾਂ ਲਈ ਇਸ ਖਰਚੇ ਨੂੰ ਖਤਮ ਕਰਨ ਅਤੇ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਜਿਨਸੀ ਅਤੇ ਪ੍ਰਜਨਨ ਸਿਹਤ (sexual and reproductive health) ਬਾਰੇ ਵਧੇਰੇ ਵਿਕਲਪਾਂ ਦੀ ਚੋਣ ਕਰਨ ਲਈ ਤਿੰਨ ਸਾਲਾਂ ਵਿੱਚ $119 ਮਿਲੀਅਨ ਦੀ ਸਹਾਇਤਾ ਦੇ ਰਿਹਾ ਹੈ।
- ਇਹ ਪ੍ਰੋਗਰਾਮ ਪ੍ਰਿਸਕ੍ਰਿਪਸ਼ਨ ਨਾਲ ਮਿਲਣ ਵਾਲੀ ਗਰਭ-ਨਿਰੋਧਕ ਦਵਾਈ ਦੇ ਸਾਰੇ ਵਿਕਲਪਾਂ ਨੂੰ ਪੂਰੀ ਤਰ੍ਹਾਂ ਸ਼ਾਮਲ ਕਰੇਗਾ, ਜਿਸ ਵਿੱਚ ਜ਼ਿਆਦਾਤਰ ਵਰਤੀਆਂ ਜਾਣ ਵਾਲੀਆਂ ਓਰਲ ਹੌਰਮੋਨ ਪਿੱਲਜ਼, ਗਰਭ ਨਿਰੋਧਕ ਟੀਕੇ, ਕੌਪਰ ਅਤੇ ਹੌਰਮੋਨਲ ਇੰਟਰਯੂਟਰਾਈਨ ਡਿਵਾਇਸ, ਸਬਡਰਮਲ ਇੰਪਲਾਂਟ ਅਤੇ ਪਲੈਨ ਬੀ (ਜਿਸ ਨੂੰ ਮੌਰਨਿੰਗ ਆਫਟਰ ਪਿੱਲ ਵੀ ਕਹਿੰਦੇ ਹਨ) ਸ਼ਾਮਲ ਹਨ।
- ਇੱਕ ਵਿਅਕਤੀ ਜੋ ਹੌਰਮੋਨਲ ਪਿੱਲਜ਼ ਲਈ ਪ੍ਰਤੀ ਮਹੀਨਾ $25 ਦਾ ਖਰਚਾ ਕਰਦਾ ਹੈ, ਮੁਫ਼ਤ ਪ੍ਰਿਸਕ੍ਰਿਪਸ਼ਨ ਨਾਲ ਮਿਲਣ ਵਾਲੀ ਗਰਭ-ਨਿਰੋਧਕ ਦਵਾਈ ਉਹਨਾਂ ਨੂੰ ਆਪਣੇ ਜੀਵਨ ਕਾਲ ਵਿੱਚ $10,000 ਤੱਕ ਦੀ ਬਚਤ ਕਰ ਸਕਦੀ ਹੈ।

- ਬੱਚਿਆਂ ਵਾਲੇ ਪਰਿਵਾਰਾਂ ਨੂੰ ਜੁਲਾਈ 2023 ਤੋਂ ਸ਼ੁਰੂ ਹੋਣ ਵਾਲੇ ਮਾਸਿਕ 'ਬੀ ਸੀ ਫੈਮਿਲੀ ਬੈਨੀਫਿਟ' ਵਿੱਚ 10% ਦਾ ਵਾਧਾ ਨਜ਼ਰ ਆਵੇਗਾ। ਇਸ ਦੇ ਨਾਲ ਹੀ, ਸਿੰਗਲ ਮਾਪਿਆਂ ਨੂੰ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਸਹਾਇਤਾ ਲਈ ਸਲਾਨਾ $500 ਦੀ ਵਾਧੂ ਸਹਾਇਤਾ ਮਿਲੇਗੀ।
  - ਦੋ ਬੱਚਿਆਂ ਵਾਲੇ ਦੋ-ਮਾਪਿਆਂ ਵਾਲੇ ਪਰਿਵਾਰ ਲਈ, ਇਹ ਰਾਸ਼ੀ ਸਿਹਤਮੰਦ ਭੋਜਨ ਖਰੀਦਣ, ਬਿੱਲਾਂ ਦਾ ਭੁਗਤਾਨ ਕਰਨ ਅਤੇ ਬੱਚਿਆਂ ਨੂੰ ਪੜ੍ਹਾਈ ਤੋਂ ਵੱਖਰੀਆਂ ਗਤੀਵਿਧੀਆਂ ਵਿੱਚ ਦਾਖਲ ਕਰਨ ਵਿੱਚ ਪਰਿਵਾਰ ਦੀ ਸਹਾਇਤਾ ਕਰਨ ਲਈ ਪ੍ਰਤੀ ਸਾਲ, ਵਾਧੂ $250 ਦੇ ਬਰਾਬਰ ਹੈ।
  - ਇੱਕ ਬੱਚੇ ਵਾਲੇ ਇੱਕਲੇ ਮਾਤਾ ਜਾਂ ਪਿਤਾ ਲਈ ਇਹ ਰਾਸ਼ੀ 18 ਸਾਲਾਂ ਵਿੱਚ ਵਾਧੂ ਸਹਾਇਤਾ ਵਜੋਂ ਪ੍ਰਤੀ ਸਾਲ $650 ਜਾਂ ਲਗਭਗ $12,000 ਦੇ ਬਰਾਬਰ ਹੈ।

- ਇੱਕ ਨਵਾਂ ਇਨਕਮ-ਟੈਸਟਿਡ 'ਰੈਂਟਰਜ਼ ਟੈਕਸ ਕ੍ਰੈਡਿਟ' 2024 ਤੋਂ ਸ਼ੁਰੂ ਹੋਣ ਜਾ ਰਿਹਾ ਹੈ, ਜਿਸ ਨਾਲ ਕਿਰਾਏਦਾਰਾਂ ਨੂੰ ਸਾਲਾਨਾ $400 ਤੱਕ ਮਿਲਣਗੇ, ਜੋ ਮੱਧ ਤੋਂ ਘੱਟ ਆਮਦਨੀ ਵਾਲੇ ਪਰਿਵਾਰਾਂ ਲਈ ਕਾਫੀ ਹੱਦ ਤੱਕ ਸਹਾਇਕ ਹੋਣਗੇ।
  - ਬੀ.ਸੀ. ਦੇ ਤਿੰਨ ਵਿੱਚੋਂ ਇੱਕ ਪਰਿਵਾਰ ਕਿਰਾਏ 'ਤੇ ਰਹਿੰਦੇ ਹਨ ਅਤੇ ਰੈਂਟਲ ਮਾਰਕਿਟ ਦੀ ਤੰਗੀ ਦੇ ਸਮੇਂ ਵਿੱਚ ਵਧਦੀਆਂ ਲਾਗਤਾਂ ਦਾ ਸਾਹਮਣਾ ਕਰ ਰਹੇ ਹਨ। 80% ਤੋਂ ਵੀ ਵੱਧ ਅਜੇਹੇ ਕਿਰਾਏਦਾਰ ਪਰਿਵਾਰਾਂ ਤੱਕ ਇਨਕਮ-ਟੈਸਟਿਡ ਰੈਂਟਰਜ਼ ਟੈਕਸ ਕ੍ਰੈਡਿਟ ਪਹੁੰਚਣ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਇਨਕਮ ਅਤੇ ਡਿਸਏਬਿਲਿਟੀ ਅਸਿਸਟੈਂਸ (ਆਮਦਨ ਅਤੇ ਅਪੰਗਤਾ ਸਹਾਇਤਾ) ਅਤੇ ਰੈਂਟਲ ਅਸਿਸਟੈਂਸ ਪ੍ਰੋਗਰਾਮ (RAP) ਜਾਂ ਸ਼ੈਲਟੇਰ ਏਡ ਰਾਹੀਂ ਬਜ਼ੁਰਗ ਕਿਰਾਏਦਾਰਾਂ ਲਈ ਮਦਦ (shelter aid for elderly renters (SAFER)) ਲੈਂਦੇ ਹਨ।
  - ਜਿਹੜੇ ਪਰਿਵਾਰ $60,000 ਪ੍ਰਤੀ ਸਾਲ ਤੋਂ ਘੱਟ ਕਮਾਉਂਦੇ ਹਨ, ਉਹ ਪੂਰੀ ਕ੍ਰੈਡਿਟ ਰਕਮ ਵਸੂਲ ਕਰਨ ਦੇ ਯੋਗ ਹੋਣਗੇ, ਜਦੋਂ ਕਿ $80,000 ਪ੍ਰਤੀ ਸਾਲ ਤੱਕ ਕਮਾਉਣ ਵਾਲੇ ਪਰਿਵਾਰਾਂ ਨੂੰ ਰਕਮ ਦਾ ਕੁੱਝ ਅੰਸ਼ ਮਿਲ ਸਕੇਗਾ।
  - ਅਗਲੇ ਸਾਲ 2023 ਦੇ ਟੈਕਸ ਰਿਟਰਨਾਂ ਨਾਲ ਸ਼ੁਰੂ ਕਰਦੇ ਹੋਏ, ਬੀ.ਸੀ. ਵਿੱਚ ਸਮੂਹਿਕ ਤੌਰ 'ਤੇ ਪ੍ਰਤੀ ਸਾਲ, $300 ਮਿਲੀਅਨ ਤੋਂ ਵੀ ਵੱਧ ਕ੍ਰੈਡਿਟ, ਕਿਰਾਏਦਾਰਾਂ ਦੀਆਂ ਜੇਬਾਂ ਵਿੱਚ ਵਾਪਸ ਪਾਉਣ ਦੀ ਉਮੀਦ ਹੈ।

- ਜਲਵਾਯੂ ਤਬਦੀਲੀ ਅਤੇ ਦੇਸ਼ ਭਰ ਵਿੱਚ ਕਾਰਬਨ ਟੈਕਸ ਵਿੱਚ ਹੋਏ ਵਾਧੇ ਨਾਲ ਲੋਕਾਂ ਦੀ ਮਦਦ ਕਰਨ ਲਈ, ਕਾਰਬਨ ਟੈਕਸ ਦੇ ਵਧਣ ਨਾਲ 'ਬੀ ਸੀ ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ' ਵੀ ਵਧੇਗਾ।
  - ਪਿਛਲੇ ਸਾਲ, ਪੂਰੀ ਕ੍ਰੈਡਿਟ ਰਾਸ਼ੀ ਪ੍ਰਾਪਤ ਕਰਨ ਵਾਲੇ ਦੋ-ਮਾਪਿਆਂ ਦੇ ਪਰਿਵਾਰ ਨੂੰ ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ ਦੁਆਰਾ $500 ਪ੍ਰਾਪਤ ਹੋਏ ਹੋਣਗੇ। ਜੁਲਾਈ ਤੱਕ, ਉਸੇ ਪਰਿਵਾਰ ਨੂੰ ਪ੍ਰਤੀ ਸਾਲ ਲਗਭਗ $900 ਪ੍ਰਾਪਤ ਹੋਣਗੇ।
  - ਪਿਛਲੇ ਸਾਲ $193.50 ਦੀ ਪੂਰੀ ਕ੍ਰੈਡਿਟ ਰਾਸ਼ੀ ਪ੍ਰਾਪਤ ਕਰਨ ਵਾਲੇ ਇੱਕ ਇਕੱਲੇ ਵਿਅਕਤੀ ਨੂੰ ਹੁਣ ਪ੍ਰਤੀ ਸਾਲ $447 ਪ੍ਰਾਪਤ ਹੋਣਗੇ।

- ਕਾਰਬਨ ਟੈਕਸ ਦੀ ਲਾਗਤ ਵਧਣ ਦੇ ਨਾਲ, ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ ਵੱਲੋਂ ਅਦਾ ਕੀਤੀਆਂ ਜਾਣ ਵਾਲੀਆਂ ਸਾਲਾਨਾ ਰਾਸ਼ੀਆਂ ਵੀ ਹਰ ਸਾਲ ਵਧਣਗੀਆਂ।
    - 2030 ਤੱਕ, ਬਹੁਗਿਣਤੀ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ, ਕਾਰਬਨ ਟੈਕਸ ਦੇ ਵਾਧੇ ਕਾਰਨ ਹੋਣ ਵਾਲੇ ਨੁਕਸਾਨ ਨਾਲੋਂ, ਕ੍ਰੈਡਿਟ ਵਿੱਚ ਹੋਏ ਵਾਧੇ ਤੋਂ ਜ਼ਿਆਦਾ ਫਾਇਦਾ ਹੋਣ ਦਾ ਅਨੁਮਾਨ ਹੈ।
    - 2030 ਤੱਕ, ਬੀ.ਸੀ. ਭਰ ਦੇ 80% ਪਰਿਵਾਰਾਂ ਤੱਕ ਪਹੁੰਚਣ ਦੇ ਟੀਚੇ ਨਾਲ, ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ ਲਈ ਆਮਦਨੀ ਦੀ ਸੀਮਾ ਵੀ ਸਾਲਾਨਾ ਵਧੇਗੀ।
    - ਬ੍ਰਿਟਿਸ਼ ਕੋਲੰਬੀਆ ਦੇ ਸਭ ਤੋਂ ਘੱਟ ਆਮਦਨੀ ਵਾਲੇ ਲੋਕਾਂ ਲਈ, ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ, ਉਹਨਾਂ ਦੇ ਕਾਰਬਨ ਟੈਕਸ ਦੇ ਨਿੱਜੀ ਖਰਚਿਆਂ ਨੂੰ ਸੰਤੁਲਿਤ ਕਰਨ ਲਈ ਬਹੁਤ ਹੱਦ ਤੱਕ ਘਟਾ ਸਕਦਾ ਹੈ।
    - ਉਦਯੋਗ ਲਈ ਕਾਰਬਨ ਦੀ ਕੀਮਤ ਬਾਰੇ ਹੋਰ ਜਾਣਕਾਰੀ ਲਈ, ਪਿੱਠਭੂਮੀ 4 ਦੇਖੋ।

- ਜਿਹੜੇ ਲੋਕ ਉੱਚ ਸਿੱਖਿਆ ਹਾਸਲ ਕਰਨ ਲਈ ਵਾਧੂ ਸਹਾਇਤਾ ਅਤੇ ਕੁੱਝ ਗੁੰਜਾਇਸ਼ ਦੀ ਭਾਲ ਵਿੱਚ ਹਨ, ਉਹ ਸਟੂਡੈਂਟ ਲੋਨ (ਵਿਦਿਆਰਥੀ ਕਰਜ਼ੇ) ਅਤੇ ਬੇਹਤਰ ਮੁੜ-ਭੁਗਤਾਨ (repayment) ਦੀਆਂ ਸ਼ਰਤਾਂ ਰਾਹੀਂ ਵਧੇਰੇ ਰਾਸ਼ੀ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ।
    - ਜੂਨ 2023 ਤੋਂ, ਸਟੂਡੈਂਟ ਲੋਨ ਦਾ ਵੱਧ ਤੋਂ ਵੱਧ ਪੱਧਰ ਦੁੱਗਣਾ ਹੋ ਜਾਵੇਗਾ, ਜਿਸ ਨਾਲ ਇਕੱਲੇ ਵਿਦਿਆਰਥੀਆਂ ਨੂੰ ਕੁੱਲ $220 ਪ੍ਰਤੀ ਹਫ਼ਤੇ, ਅਤੇ ਨਿਰਭਰ ਵਿਅਕਤੀਆਂ ਨਾਲ ਰਹਿ ਰਹੇ ਵਿਦਿਆਰਥੀਆਂ ਨੂੰ $280 ਪ੍ਰਤੀ ਹਫ਼ਤਾ ਮਿਲ ਸਕਣਗੇ।
    - 1 ਅਗਸਤ, 2023 ਤੋਂ, ਨਵੇਂ ਮੁੜ-ਭੁਗਤਾਨ ਦੀਆਂ ਸ਼ਰਤਾਂ ਫੈਡਰਲ ਮੁੜ-ਭੁਗਤਾਨ ਸਹਾਇਤਾ ਪ੍ਰੋਗਰਾਮ (Repayment Assistance Program) ਦੇ ਨਾਲ ਇੱਕਸਾਰ ਹੋ ਜਾਣਗੀਆਂ, ਤਾਂ ਜੋ $40,000 ਤੋਂ ਘੱਟ ਕਮਾਉਣ ਵਾਲੇ ਵਿਦਿਆਰਥੀਆਂ ਅਤੇ ਗ੍ਰੈਜੂਏਟਾਂ ਨੂੰ ਆਪਣੇ ਬਕਾਇਆ ਕਰਜ਼ਿਆਂ 'ਤੇ ਕੋਈ ਭੁਗਤਾਨ ਨਹੀਂ ਕਰਨਾ ਪਵੇਗਾ।
    - $40,000 ਤੋਂ ਵੱਧ ਕਮਾਉਣ ਵਾਲੇ ਲੋਕਾਂ ਲਈ, ਉਹਨਾਂ ਦੇ ਸਟੂਡੈਂਟ ਲੋਨ ਦੀ ਅਦਾਇਗੀ ਉਹਨਾਂ ਦੀ ਸਾਲਾਨਾ ਘਰੇਲੂ ਆਮਦਨੀ ਦੇ 20% ਹਿੱਸੇ ਦੀ ਬਜਾਏ 10% ਹੋਵੇਗੀ।
    - 2019 ਤੋਂ ਬੀ.ਸੀ. ਸਟੂਡੈਂਟ ਲੋਨ ਵਿਆਜ-ਮੁਕਤ ਹੋ ਜਾਣ ਨਾਲ, ਬੀ.ਸੀ. ਵਿੱਚ ਪੜ੍ਹਾਈ ਕਰ ਰਹੇ ਲੋਕਾਂ ਕੋਲ ਵਧੇਰੀ ਗੁੰਜਾਇਸ਼ ਵਾਲੀਆਂ ਸਹਾਇਤਾਵਾਂ ਅਤੇ ਵਿਕਲਪਾਂ ਤੱਕ ਪਹੁੰਚ ਹੋਵੇਗੀ, ਤਾਂ ਜੋ ਉਹ ਜ਼ਿੰਦਗੀ ਵਿੱਚ ਅੱਗੇ ਵਧਣਾ, ਪੜ੍ਹਾਈ ਕਰਨਾ ਅਤੇ ਸਫ਼ਲਤਾ ਪ੍ਰਾਪਤ ਕਰਨਾ ਜਾਰੀ ਰੱਖ ਸਕਣ।

**ਸਹਾਇਤਾ ਪ੍ਰਣਾਲੀਆਂ ਵਿੱਚ ਵਾਧਾ**

ਇਨਕਮ ਜਾਂ ਡਿਸਏਬਿਲਿਟੀ ਅਸਿਸਟੈਂਸ ਲੈਣ ਵਾਲੇ ਲੋਕਾਂ ਲਈ, ਰਹਿਣ-ਸਹਿਣ ਦੇ ਖਰਚੇ ਵਧਣ ਨਾਲ ਰੋਜ਼ਾਨਾ ਜੀਵਨ ਵਿੱਚ ਬਹੁਤ ਜ਼ਿਆਦਾ ਦਬਾਅ ਪੈ ਗਿਆ ਹੈ। ਬੱਜਟ 2023 ਵਿੱਚ, ਵਿਸ਼ਵ ਭਰ ਦੀ ਮਹਿੰਗਾਈ ਦੇ ਪ੍ਰਭਾਵਾਂ ਕਾਰਨ ਵਧ ਰਹੇ ਤਣਾਅ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ, ਇਸ ਲਈ ਸਹਾਇਤਾਵਾਂ ਨੂੰ ਹੋਰ ਬੇਹਤਰ ਬਣਾਉਣ ਅਤੇ ਵਾਧਾ ਕਰਨ ਲਈ $558 ਮਿਲੀਅਨ ਦੀ ਰਾਸ਼ੀ ਰੱਖੀ ਗਈ ਹੈ।

- 2007 ਤੋਂ ਬਾਅਦ ਪਹਿਲੀ ਵਾਰ, ਜੁਲਾਈ 2023 ਤੋਂ ਸ਼ੈਲਟਰ ਦਾ ਰੇਟ, ਜੋ ਕਿ ਇਨਕਮ ਜਾਂ ਡਿਸਏਬਿਲਿਟੀ ਅਸਿਸਟੈਂਸ ਦੇ ਰੇਟ ਦਾ ਮੁੱਖ ਹਿੱਸਾ ਹੈ, ਭੁਗਤਾਨਾਂ ਵਿੱਚ ਹੋਏ ਵਾਧੇ ਦੇ ਨਾਲ ਪ੍ਰਤੀ ਮਹੀਨਾ $125 ਵਧੇਗਾ। ਇਹ ਵਾਧਾ ਬੀ.ਸੀ ਭਰ ਵਿੱਚ 33,000 ਬੱਚਿਆਂ ਸਮੇਤ 160,000 ਤੋਂ ਵੀ ਵੱਧ ਲੋਕਾਂ ਦੀ ਮਦਦ ਕਰੇਗਾ।
    - ਇਸ ਤੋਂ ਇਲਾਵਾ, ਇਨਕਮ ਜਾਂ ਡਿਸਏਬਿਲਿਟੀ ਅਸਿਸਟੈਂਸ ਪ੍ਰਾਪਤ ਕਰਨ ਵਾਲੇ ਲੋਕ, ਜੋ ਕਿਰਾਏ 'ਤੇ ਰਹਿੰਦੇ ਹਨ, ਨਵਾਂ 'ਰੈਂਟਰਜ਼ ਟੈਕਸ ਕ੍ਰੈਡਿਟ' ਪ੍ਰਾਪਤ ਕਰਨ ਦੇ ਯੋਗ ਹੋਣਗੇ, ਜਿਸ ਰਾਹੀਂ ਉਹਨਾਂ ਨੂੰ ਸਾਲਾਨਾ $400 ਤੱਕ ਮਿਲ ਸਕਦਾ ਹੈ।
- ਉਹਨਾਂ ਲੋਕਾਂ ਲਈ, ਜਿੰਨ੍ਹਾਂ ਦੀਆਂ ਫੌਰੀ ਜਾਂ ਖਾਸ ਲੋੜਾਂ ਹਨ, ਜਿਵੇਂ ਕਿ ਮੈਡੀਕਲ ਆਵਾਜਾਈ ਜਾਂ ਖੁਰਾਕ ਸੰਬੰਧੀ ਪਾਬੰਦੀਆਂ, ਉਹਨਾਂ ਲਈ ਸਪਲੀਮੈਂਟਾਂ ਵਿੱਚ ਵਾਧਾ, ਵਿਅਕਤੀਗਤ ਸਹਾਇਤਾ ਤੱਕ ਪਹੁੰਚ ਕਰਨਾ ਅਤੇ ਵਰਤਣਾ ਵੀ ਆਸਾਨ ਬਣਾ ਦੇਵੇਗਾ।

- ਅਸਿਸਟੈਂਸ ਦੇ ਭੁਗਤਾਨਾਂ ਨੂੰ ਘਟਾਏ ਬਿਨਾਂ, ਲੋਕ ਤਨਖਾਹਾਂ ਤੋਂ ਹੋਈ ਵੱਧ ਕਮਾਈ ਆਪਣੇ ਕੋਲ ਰੱਖ ਸਕਣਗੇ। ਇਨਕਮ ਅਸਿਸਟੈਂਸ ਪ੍ਰਾਪਤ ਕਰਨ ਵਾਲੇ ਲੋਕਾਂ ਲਈ ਕਮਾਈ ਵਿੱਚ ਛੋਟ $100 ਪ੍ਰਤੀ ਮਹੀਨਾ ਅਤੇ ਡਿਸਏਬਿਲਿਟੀ ਅਸਿਸਟੈਂਸ ਪ੍ਰਾਪਤ ਕਰਨ ਵਾਲੇ ਲੋਕਾਂ ਲਈ $1,200 ਪ੍ਰਤੀ ਸਾਲ ਵਧੇਗੀ।

ਬਹੁਤ ਸਾਰੇ ਲੋਕ ਜੋ ਬੱਚਿਆਂ ਦੀ ਸੰਭਾਲ ਵਿੱਚ ਸਹਾਇਤਾ ਅਤੇ ਦੇਖਭਾਲ ਕਰਦੇ ਹਨ, ਵਿਸਤ੍ਰਿਤ ਪਰਿਵਾਰਕ ਮੈਂਬਰਾਂ ਜਾਂ ਸਹਿਯੋਗ ਦੀਆਂ ਲੋੜਾਂ ਵਾਲੇ ਲੋਕਾਂ ਦੀ ਸਹਾਇਤਾ ਕਰਦੇ ਹਨ, ਉੱਤੇ ਮੌਜੂਦਾ ਕੀਮਤਾਂ ਨੇ ਪਾਲਣ ਪੋਸ਼ਣ ਅਤੇ ਵਧੀਆ ਪੱਧਰ ਦੀ ਦੇਖਭਾਲ ਪ੍ਰਦਾਨ ਕਰਨ ‘ਤੇ ਦਬਾਅ ਪਾਇਆ ਹੈ। ਅਗਲੇ ਤਿੰਨ ਸਾਲਾਂ ਦੌਰਾਨ, $264 ਮਿਲੀਅਨ ਵਿੱਤੀ ਸਹਾਇਤਾ ਵਧਾਉਣ ਲਈ ਵਰਤੇ ਜਾਣਗੇ, ਜਿਸ ਵਿੱਚ ਦੇਖਭਾਲ-ਪ੍ਰਦਾਤਾ ਦਰਾਂ ਵਿੱਚ 47% ਤੋਂ ਜ਼ਿਆਦਾ ਦਾ ਵਾਧਾ ਸ਼ਾਮਲ ਹੈ, ਤਾਂ ਜੋ ਫੌਸਟਰ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ (caregivers) ਨੂੰ ਇਸ ਮਹੱਤਵਪੂਰਨ ਕੰਮ ਨੂੰ ਜਾਰੀ ਰੱਖਣ ਲਈ ਲੋੜੀਂਦਾ ਸਹਿਯੋਗ ਮਿਲ ਸਕੇ।